# ਚਿਦੰਬਰਮ ਦਾ ਤਾਜ਼ਾ ਬਿਆਨ –
# ਮਰ ਰਹੇ ਕਿਸਾਨਾਂ ਦੀ ਹੋਰ ਛਿੱਲ ਲਾਹੁਣ ਵਾਲੀ ਗੱਲ

ਹੁਣੇ ਜਿਹੇ ਮੁਲਕ ਦੇ ਹਜ਼ਾਰਾਂ ਹੀ ਕਿਸਾਨਾਂ ਨੇ ਦਿੱਲੀ ਵਿਚ ਇਕ ਵੱਡਾ ਮੁਜ਼ਾਹਰਾ ਕੀਤਾ ਜਿਸ ਵਿਚ ਕਿਸਾਨਾਂ ਦੀਆਂ ਅਨੇਕਾਂ ਹੀ ਜਥੇਬੰਦੀਆਂ ਨੇ ਹਿੱਸਾ ਲਿਆ ਅਤੇ ਕਿਸਾਨਾਂ ਦੀਆਂ ਮੰਗਾ ਦਾ ਐਲਾਨ ਕੀਤਾ। ਮੰਗ ਕੀਤੀ ਗਈ ਕਿ ਕਿਸਾਨਾਂ ਦੇ ਕਰਜ਼ੇ ਰੱਦ ਕੀਤੇ ਜਾਣ ਅਤੇ ਉਨ੍ਹਾਂ ਨੂੰ ਫਸਲਾਂ ਦੀਆਂ ਮੁਨਾਸਿਬ ਕੀਮਤਾ ਦਿਤੀਆਂ ਜਾਣ।

ਇਸ ਦੇ ਜਵਾਬ ਵਿਚ ਹਿੰਦੁਸਤਾਨ ਦੇ ਖਜ਼ਾਨਾ ਮੰਤ੍ਰੀ ਚਿਦੰਬਰਮ ਨੇ ਕਿਹਾ ਹੈ ਕਿ ਸਰਕਾਰ ਨੇ ਮੁਲਕ ਵਿਚ 31 ਜ਼ਿਲਿਆਂ ਨੂੰ ਖ਼ੁਦਕੁਸ਼ੀ ਦੇ ਰੁਝਾਨ ਵਾਲੇ ਜ਼ਿਲ੍ਹੇ ਕਰਾਰ ਦਿਤਾ ਹੈ ਜਿਥੇ ਕਿਸਾਨ ਕਈ ਕਾਰਨਾਂ ਕਰਕੇ ਖ਼ੁਦਕਸ਼ੀ ਕਰ ਰਹੇ ਹਨ ਜਿਨ੍ਹਾਂ ਵਿਚੋਂ ਇਕ ਕਰਜ਼ਿਆਂ ਦਾ ਭਾਰ ਹੈ। ਖ਼ਜ਼ਾਨਾ ਮੰਤਰੀ ਦੇ ਕਹਿਣ ਮੁਤਾਬਿਕ ਇਸ ਲਈ ਸਰਕਾਰ ਨੇ ਬੈਂਕਾਂ ਨੂੰ ਹਿਦਾਇਤ ਦਿਤੀ ਹੈ ਕਿ ਉਹ ਇਨ੍ਹਾਂ ਜ਼ਿਲਿਆਂ ਵਿਚ ਕਿਸਾਨਾਂ ਨੂੰ ਕਰਜ਼ੇ ਦੇਣੇ ਬੰਦ ਨਾ ਕਰਨ ਤੇ ਸਤ ਫੀ ਸਦੀ ਦੀ ਵਿਆਜ ਦੀ ਦਰ ਤੇ ਹੋਰ ਕਰਜ਼ੇ ਦੇਈ ਜਾਣ। ਕਿਸਾਨੀ ਦੇ ਕਰਜ਼ੇ ਨੂੰ ਰੱਦ ਕਰਨ ਦੀ ਗੱਲ ਕਰਨੀ ਤਾਂ ਇਕ ਪਾਸੇ ਰਹੀ ਚਿੰਦਬਰਮ ਨੇ ਤਾਂ ਵਿਆਜ ਦੀ ਦਰ ਘੱਟ ਕਰਨ ਵਿਚ ਵੀ ਅਸਮਰੱਥਾਂ ਜ਼ਾਹਰ ਕੀਤੀ ਤੇ ਕਿਹਾ ਕਿ ਮੌਜੂਦਾ ਹਾਲਾਤ ਵਿਚ 7 ਫੀ ਸਦੀ ਦੀ ਵਿਆਜ ਦੀ ਦਰ ਤੋਂ ਘੱਟ ਤੇ ਕਰਜ਼ੇ ਦੇਣਾ ਸਾਡੇ ਵੱਸ ਦੀ ਗੱਲ ਨਹੀਂ ਹੈ।

ਹਰ ਕੋਈ ਜਾਣਦਾ ਹੈ ਕਿ ਦੇਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨਾਂ ਦੇ ਖ਼ੁਦਕਸ਼ੀ ਕਰਨ ਦੀ ਇਕ ਵਜ੍ਹਾ ਇਹ ਹੈ ਕਿ ਉਨ੍ਹਾਂ ਦੇ ਸਿਰ ਤੇ ਕਰਜ਼ੇ ਦੀ ਪੰਡ ਬਹੁਤ ਭਾਰੀ ਹੋ ਗਈ ਹੈ। ਇਸ ਕਰਜ਼ੇ ਦੇ ਮੂਲ ਦੇ ਭਾਰ ਹੇਠੋਂ ਨਿਕਲਣਾ ਤਾਂ ਇਕ ਪਾਸੇ ਰਿਹਾ ਉਨ੍ਹਾਂ ਲਈ ਤਾਂ ਕਰਜ਼ੇ ਦਾ ਸੂਦ ਦੇਣਾ ਵੀ ਅਸੰਭਵ ਬਣਦਾ ਜਾ ਰਿਹਾ ਹੈ। ਇਕ ਪਾਸੇ, ਉਨ੍ਹਾਂ ਲਈ ਆਪਣੇ ਟੱਬਰਾਂ ਨੂੰ ਪਾਲਣਾ ਨਾਮੁਮਕਿਨ ਹੁੰਦਾ ਜਾ ਰਿਹਾ ਹੈ ਤੇ ਦੂਸਰੇ ਪਾਸੇ ਕਰਜ਼ੇ ਅਤੇ ਵਿਆਜ ਨਾ ਮੋੜ ਸਕਣ ਕਰਕੇ ਸੂਦਖ਼ੋਰ ਉਨ੍ਹਾਂ ਦੀ ਪੱਗ ਲਾਹੰਦੇ ਹਨ ਜਿਸ ਕਰਕੇ ਬੇਬੱਸ ਕਿਸਾਨ ਖ਼ੁਦਕਸ਼ੀ ਦੇ ਰਾਹ ਪੈਂਦੇ ਹਨ। ਕਿਸਾਨਾਂ ਸਿਰ ਕਰਜ਼ੇ ਦੀ ਪੰਡ ਅਤੇ ਖ਼ੁਦਕਸ਼ੀ ਦੇ ਰੁਝਾਨ ਦਾ ਇਲਾਜ ਚਿਦੰਬਰਮ ਇਹ ਦੱਸ ਰਿਹਾ ਹੈ ਕਿ ਕਿਸਾਨਾਂ ਨੂੰ ਹੋਰ ਕਰਜ਼ੇ ਜ਼ਰੂਰ ਦਿਤੇ ਜਾਣ ਜਿਸ ਨਾਲ ਉਨ੍ਹਾਂ ਦੀ ਕਰਜ਼ੇ ਦੀ ਪੰਡ ਹੋਰ ਭਾਰੀ ਹੋਵੇ ਪਰ ਬੈਕਾਂ ਅਤੇ ਹੋਰ ਸੂਦਖ਼ੋਰਾਂ ਦੇ ਮੁਨਾਫ਼ੇ ਬਰਕਰਾਰ ਰੱਖਣ ਲਈ ਵਿਆਜ ਦੀ ਦਰ 7 ਫੀ ਸਦੀ ਹੀ ਰੱਖੀ ਜਾਵੇ।

ਚਿਦੰਬਰਮ ਦਾ ਇਹ ਬੇਥਵਾ ਬਿਆਨ ਕੋਈ ਨਵੀਂ ਗੱਲ ਨਹੀਂ। ਇਸ ਤੋਂ ਪਹਿਲਾਂ ਹੁਣੇ ਜਿਹੇ ਪ੍ਰਧਾਨ ਮੰਤ੍ਰੀ ਮਨਮੋਹਨ ਸਿੰਘ ਨੇ ਵੀ ਇਹੋ ਗੱਲ ਵਿਦਰਭ ਦਾ ਦੌਰਾ ਖ਼ਤਮ ਹੋਣ ਤੇ ਕਹੀ ਸੀ। ਉਹਨੇ ਵੀ ਕਿਸਾਨਾਂ ਦੇ ਸਿਰ ਕਰਜ਼ੇ ਦੀ ਪੰਡ ਨੂੰ ਹੋਰ ਭਾਰੀ ਕਰਨਾ ਹੀ ਖ਼ੁਦਕਸ਼ੀਆਂ ਦਾ ਇਲਾਜ ਦੱਸਿਆ ਸੀ ਤੇ ਕਿਸਾਨਾਂ ਲਈ ਲਈ ਨਵੇਂ ਕਰਜ਼ਿਆਂ ਦਾ ਐਲਾਨ ਕੀਤਾ ਸੀ। ਇਸ ਤੋਂ ਵੱਡੀ ਬੇਵਕੂਫ਼ੀ ਹੋਰ ਕੀ ਹੋ ਸਕਦੀ ਹੈ ਕਿ ਕਿਸਾਨਾਂ ਦੀ ਖ਼ੁਦਕਸ਼ੀ ਦੇ ਮਸਲੇ ਦਾ ਹੱਲ ਵੀ ਉਹੋ ਦਸਿਆ ਜਾ ਰਿਹਾ ਹੈ ਜੋ ਕਿ ਮਸਲੇ ਦੀ ਜੜ੍ਹ ਹੈ। ਮਨਮੋਹਨ ਸਿੰਘ ਵਾਂਗ ਚਿਦੰਬਰਮ ਦਾ ਬਿਆਨ ਵੀ ਹਿੰਦੁਸਤਾਨ ਦੇ ਹਾਕਮ ਟੋਲੇ ਦੇ ਰਾਜਤੰਤ੍ਰ ਅਤੇ ਸਰਕਾਰ ਦੇ ਕਿਸਾਨਾਂ ਪ੍ਰਤੀ ਵਹਿਸ਼ੀ ਰਵੱਈਏ ਨੂੰ ਹੀ ਜ਼ਾਹਰ ਕਰਦਾ ਹੈ।

ਹਿੰਦੁਸਤਾਨ ਦਾ ਰਾਜਤੰਤ੍ਰ ਅਤੇ ਸਰਕਾਰ ਹਮੇਸ਼ਾਂ ਸੂਦਖੋਰਾਂ ਦਾ ਪੱਖ ਪੂਰਦੇ ਹਨ ਕਰਜ਼ੇ ਹੇਠ ਦੱਬੇ ਹੋਏ ਕਿਸਾਨਾਂ ਦਾ ਨਹੀਂ। ਜੇ ਇਹ ਰਾਜਤੰਤਰ ਅਤੇ ਸਰਕਾਰਾਂ ਕਿਸਾਨਾਂ ਅਤੇ ਆਮ ਲੋਕਾਂ ਦੇ ਹਿਤਾਂ ਦਾ ਖਿਆਲ ਰੱਖਣ ਵਾਲੇ ਹੁੰਦੇ ਤਾਂ ਕਿਸਾਨਾਂ ਦੇ ਸਿਰ ਇਹ ਕਰਜ਼ੇ ਕਦੇ ਚੜ੍ਹਨੇ ਹੀ ਨਹੀਂ ਸਨ। ਕਿਸਾਨਾਂ ਦੀ ਕਮਾਈ ਅਤੇ ਮਿਹਨਤ ਨੂੰ ਲੁਟਣ ਵਾਲੇ ਲੋਟੂ ਟੋਲੇ ਦਾ ਰਾਜਤੰਤਰ ਅਤੇ ਸਰਕਾਰਾਂ ਕਦੇ ਵੀ ਕਿਸਾਨਾਂ ਦੇ ਹਿਤ ਲਈ ਕਦਮ ਨਹੀਂ ਚੁਕ ਸਕਦੇ, ਉਹ ਤਾਂ ਸੂਦਖੋਰਾਂ ਦੇ ਮੁਨਾਫਿਆਂ ਨੂੰ ਬਰਕਰਾਰ ਰੱਖਣ ਤੇ ਵਧਾਉਣ ਦੀ ਹੀ ਗੱਲ ਕਰਨਗੇ। ਕਰਜ਼ੇ ਨਾਲ ਕੁਚਲੇ ਹੋਏ ਕਿਸਾਨ ਇਨ੍ਹਾਂ ਤੋਂ ਹੋਰ ਕੋਈ ਆਸ ਨਹੀਂ ਰੱਖ ਸਕਦੇ। ਇਸ ਸਰਕਾਰ ਅਤੇ ਰਾਜਤੰਤ੍ਰ ਨੇ ਉਨ੍ਹਾਂ ਦਾ ਕੁਝ ਨਹੀਂ ਸੁਆਰਨਾ ਕਿਉਂਕਿ ਰਾਜਤੰਤ੍ਰ ਅਤੇ ਸਰਕਾਰ ਸੂਦਖੋਰਾਂ ਦੇ ਹੱਥ ਵਿਚ ਹਨ। ਕਿਸਾਨਾਂ ਨੂੰ ਲਾਹੇਵੰਦ ਕੀਮਤਾਂ ਦੇਣੇ ਅਤੇ ਉਨ੍ਹਾਂ ਦੇ ਕਰਜ਼ੇ ਰੱਦ ਕਰਨ ਨਾਲ ਉਨ੍ਹਾਂ ਦੇ ਮੁਨਾਫ਼ੇ ਘੱਟ ਹੋ ਜਾਣਗੇ ਤੇ ਇਹ ਗੱਲ ਸੂਦਖੋਰਾਂ ਨੂੰ ਕਿਸੇ ਵੀ ਹਾਲਤ ਵਿਚ ਮਨਜ਼ੂਰ ਨਹੀਂ ਹੈ।

ਕਰਜ਼ੇ ਦੀ ਪੰਡ ਤੋਂ ਛੁਟਕਾਰਾ ਪਾਉਣ ਲਈ ਅਤੇ ਆਪਣੀਆਂ ਫ਼ਸਲਾਂ ਦੇ ਲਾਹੇਵੰਦ ਭਾਅ ਲੈਣ ਲਈ ਕਿਸਾਨਾਂ ਨੂੰ ਆਪਣੀ ਏਕਤਾ ਅਤੇ ਸੇਧ ਤੇ ਹੀ ਨਿਰਭਰ ਕਰਨਾ ਪੈਣਾ ਹੈ। ਇਸ ਲਈ ਕਿਸਾਨਾਂ ਨੂੰ ਆਪ ਇਕਮੁੱਠ ਹੋ ਕੇ ਅਤੇ ਹੋਰ ਸਾਰੇ ਦੱਬੇ ਕੁਚਲੇ ਲੋਕਾਂ ਨਾਲ ਰਲਕੇ ਇਕ ਨਵੀਂ ਸਿਆਸੀ ਤਾਕਤ ਪੈਦਾ ਕਰਨ ਦੀ ਲੋੜ ਜੋ ਕਿਸਾਨਾਂ ਅਤੇ ਮਿਹਨਤਕਸ਼ਾਂ ਦੇ ਹੱਥ ਵਿਚ ਹੋਵੇ ਅਤੇ ਜਿਸਦਾ ਮੰਤਵ ਸੂਦਖੋਰਾਂ ਦੇ ਮੁਨਾਫ਼ੇ ਵਧਾਉਣਾ ਨਹੀਂ ਬਲਕਿ ਮਿਹਨਤਕਸ਼ਾਂ ਅਤੇ ਸ਼ਹਿਰੀਆਂ ਦੀ ਖ਼ੁਸ਼ਹਾਲੀ ਅਤੇ ਰਖਵਾਲੀ ਹੋਵੇ। ਅਜੇਹੀ ਨਵੀਂ ਸਿਆਸੀ ਤਾਕਤ ਹੀ ਕਿਸਾਨਾਂ ਤੇ ਹੋਰ ਮਿਹਨਤਕਸ਼ਾਂ ਦੇ ਮਸਲਿਆਂ ਨੂੰ ਹੱਲ ਕਰ ਸਕਦੀ ਹੈ।